This question paper contains 2 printed pages]

**Roll No.** | | | | | | | | | | | |

S. No. of Question Paper : **667**

Unique Paper Code : **212451** **D**

Name of the Paper : **Punjabi Discipline-A**

Name of the Course : **B.A. (Prog.) Punjabi Discipline Course**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

Instruction for Candidates

**ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

1. ਹੇਠਾਂ ਦਿੱਤੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

*ਜਾ ਮੈ ਸਬਕ ਇਸ਼ਕ ਦਾ ਪੜ੍ਹਿਆ*
*ਭੱਜ ਭੱਜ ਠਾਕਰਦੁਆਰੇ ਵੜਿਆ*
*ਘਰ ਵਿਚ ਪਾਯਾ ਮਹਿਰਮ ਯਾਰ*
*ਇਸ਼ਕ ਦੀ ਨਵੀਓਂ ਨਵੀ ਬਹਾਰ।*

ਜਾਂ

*ਲੈ ਵੇ ਰਾਂਝਿਆ ਵਾਹ ਮੈ ਲਾ ਥੱਕੀ, ਸਾਡੇ ਵੱਸ ਥੀ ਗੱਲ ਬੇਵੱਸ ਹੋਈ।*
*ਕਾਜ਼ੀ ਮਾਪਿਆਂ ਭਾਈਆਂ ਬੰਨ੍ਹ ਟੋਰੀ, ਸਾਡੀ ਤੈਂਡੜੀ ਦੋਸਤੀ ਬੱਸ ਹੋਈ।*
*ਘਰ ਖੇੜਿਆਂ ਦੇ ਨਹੀ ਵਸਣਾ ਮੈਂ, ਸਾਡੀ ਇਨ੍ਹਾਂ ਦੇ ਨਾਲ ਖਰਖੱਸ ਹੋਈ।* 10
*ਜਾਹ ਜੀਵਾਂਗੀ ਮਿਲਾਂਗੀ ਰੱਬ ਮੇਲੇ, ਹਾਲ ਸਾਲ ਤਾਂ ਦੋਸਤੀ ਬੱਸ ਹੋਈ।*

2. **ਮੱਧਕਾਲੀਨ ਪੰਜਾਬੀ-ਕਾਵਿ** ਪੁਸਤਕ ਦੇ ਆਧਾਰ ਤੇ 'ਪੰਜਾਬੀ ਸੂਫ਼ੀ-ਕਾਵਿ' ਜਾਂ 'ਪੰਜਾਬੀ ਕਿੱਸਾ-ਕਾਵਿ' ਵਿਚੋਂ ਇਕ ਬਾਰੇ ਭਰਪੂਰ ਜਾਣਕਾਰੀ ਦਿਓ।

ਜਾਂ

ਹੇਠਾਂ ਦਿੱਤੀਆਂ ਕਾਵਿ-ਰਚਨਾਵਾਂ ਵਿਚੋਂ **ਇਕ** ਦਾ ਆਲੋਚਨਾਤਮਕ ਸਾਰ ਲਿਖੋ : 15
ਵਾਰ ਨਾਦਰ ਸ਼ਾਹ, ਹੀਰ ਵਾਰਿਸ, ਮੇਰੀ ਬੁੱਕਲ ਦੇ ਵਿਚ ਚੋਰ

3. **ਕਥਾ-ਪੰਜਾਬ** ਪੁਸਤਕ ਵਿਚ "ਕਹਾਣੀ ਤੇ ਪੰਜਾਬੀ ਕਹਾਣੀ" ਵਿਚ ਲੇਖਕ ਨੇ ਕਹਾਣੀ ਦੇ ਕਿਹੜੇ ਖਾਸ ਗੁਣਾਂ ਦੀ ਚਰਚਾ ਕੀਤੀ ਹੈ ? ਆਪਣੀ ਕਿਤਾਬ ਵਿਚ ਦਿੱਤੀਆਂ ਕਹਾਣੀਆਂ ਦੇ ਆਧਾਰ ਤੇ ਜਾਣਕਾਰੀ ਦਿਓ।

ਜਾਂ

ਹੇਠਾਂ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਸਾਰ ਲਿਖੋ :
ਪੇਮੀ ਦੇ ਨਿਆਣੇ, ਰਾਸ ਲੀਲ੍ਹਾ, ਇਕ ਹਉਕਾ, ਤਾਸ਼ ਦੀ ਆਦਤ 15

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਵਿਚ ਉੱਤਰ ਦਿਓ: 2×5=10
1) ਕਹਾਣੀ "ਭਾਬੀ ਮੈਨਾ" ਕਿਸ ਵਿਸ਼ੇ ਬਾਰੇ ਗੱਲ ਕਰਦੀ ਹੈ ?
2) "ਸ਼ੁੱਬਲ" ਕਹਾਣੀ ਵਿਚ ਲੇਖਕ ਨੇ ਆਪਣੇ ਵਿਸ਼ੇ ਨੂੰ ਪੇਸ਼ ਕਰਨ ਵਾਸਤੇ ਕਿਸ ਘਟਨਾ ਨੂੰ ਮੁੱਖ ਤੌਰ ਤੇ ਆਧਾਰ ਬਣਾਇਆ ਹੈ ?
3) "ਕਰਾਮਾਤ" ਕਹਾਣੀ ਵਿਚ ਲੇਖਕ ਕਰਾਮਾਤ ਰਾਹੀ ਕੀ ਸੁਨੇਹਾ ਦੇਣਾ ਚਾਹੁੰਦਾ ਹੈ ਤੇ ਕਿਸ ਪਰੰਪਰਾਈ ਸਾਖੀ ਨੂੰ ਆਧਾਰ ਬਣਾਉਂਦਾ ਹੈ ?

5. (ੳ) ਭਾਸ਼ਾ ਵਿਗਿਆਨ ਤੇ ਵਿਆਕਰਣ ਵਿਚ ਕੀ ਬੁਨਿਆਦੀ ਅੰਤਰ ਹੈ ? ਉਦਾਹਰਣਾਂ ਸਹਿਤ ਸਮਝਾਓ।
(ਅ) ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਓ। 2×5=10

6. (ੳ) ਗੁਰਮੁਖੀ-ਲਿਪੀ ਤੇ ਸ਼ਾਹਮੁਖੀ-ਲਿਪੀ ਵਿਚਕਾਰਲੇ ਅੰਤਰ ਉਦਾਹਰਣਾਂ ਸਹਿਤ ਸਮਝਾਓ। 10
(ਅ) ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਸੰਖੇਪ ਨੋਟ ਲਿਖੋ। 5